141, Gali No. 6, Sant Avenue, GT Road, Amritsar
143001, Panjab, India
Tel: +91 (0) 977 995 7973

PO Box 43799, London, W14 8SS, United Kingdom
Tel: +44 (0) 870 1993328

21 Place de la Republique, 75003 Paris, France
Tel: 00 336 16 17 62 05

JAF, POB 7203, New York, NY 10116, USA
Tel: 1-646-688-3525

P.O.BOX 1021 Code 00606, Nairobi Westlands, Kenya
Tel: +254 0 720402727

www.unitedsikhs.org
contact@unitedsikhs.org

2980 Drew Rd. unit# 223B Mississauga,
ON L4T 0A7, Canada
Tel: 1-905-672-2245

4 Castlegateway, Adamstown Castle Adamstown,
Lucan, Co Dublin
Tel: +353 (0) 85 729 4425

Office No.176-A, UG Deans Trade Centre F.C Chowk,
Peshawar, Khyber Pakhtoonkhwa, Pakistan.
Tel: 0092-333-9113230

Halmaal Dorp 20, 3800 Sint-Truiden, Belgium
Tel: (0032) 485 825 492

(ABN 24 317 847 103) 54 Beasley Road, Leeming
6149, Western Australia, Australia
Tel: +61 3 9005 1894

UNITED SIKHS
Recognize the Human Race as One

To transform underprivileged and minority communities and individuals into informed and vibrant members of society through civic, educational and personal development programs

15 ਦਸੰਬਰ 2012, 1 ਪੋਹ ਸੰਮਤ 544 ਨਾਨਕਸ਼ਾਹੀ

## ਫਰਾਂਸ ਦੇ ਸਕੂਲਾਂ ਵਿੱਚ ਦਸਤਾਰ ਬੰਨ੍ਹਣ 'ਤੇ ਲੱਗੀ ਪਾਬੰਦੀ ਦਾ ਕੇਸ ਸਿੱਖਾਂ ਨੇ ਸੰਯੁਕਤ ਰਾਸ਼ਟਰ ਵਿੱਚ ਜਿੱਤਿਆ

*" ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ ਵੱਲੋਂ ਬੀਤੇ ਨੌਂ ਸਾਲਾਂ ਤੋਂ ਇੰਨਸਾਫ ਲਈ ਇੰਤਜ਼ਾਰ ਅੱਜ ਸਫ਼ਲ ਹੋਇਆ ਹੈ, ਜਦੋਂ ਕਿ ਫਰਾਂਸ ਵੱਲੋਂ ਸਾਲ 2004 ਵਿੱਚ ਇੱਕ ਕਾਨੂੰਨ ਬਣਾ ਕੇ ਸਕੂਲਾਂ ਵਿੱਚ ਧਾਰਮਿਕ ਚਿੰਨ੍ਹਾਂ ਨੂੰ ਧਾਰਣ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ ਨੇ ਇੱਕ ਵਾਰ ਫਿਰ ਇਹ ਸਾਬਿਤ ਕਰ ਦਿੱਤਾ ਹੈ ਕਿ ਉਹ ਵਿਚਾਰਾਂ ਦੀ ਆਜ਼ਾਦੀ, ਸਵੈਮਾਣ ਅਤੇ ਧਾਰਮਿਕ ਆਜ਼ਾਦੀ ਲਈ ਇੱਕ ਚਾਨਣ ਮੁਨਾਰਾ ਹੈ ਅਤੇ ICCPR ਦੇ ਆਰਟੀਕਲ 18 ਤਹਿਤ ਧਾਰਮਿਕ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਨੂੰ ਹੱਕ ਹੈ ਅਤੇ ਇਸਨੂੰ ਦਬਾਇਆ ਨਹੀਂ ਜਾ ਸਕਦਾ, ਸਿੱਖ ਦਸਤਾਰ ਬਾਰੇ ਇੱਕ ਪਾਸੜ ਫੈਸਲਾ ਬਿਨਾ ਕਿਸੀ ਸਬੂਤ ਦੇ ਲਿਆ ਗਿਆ ਸੀ ਅਤੇ ਇਸ ਨਾਲ ਸਕੂਲ ਦੇ ਬਾਕੀ ਵਿਦਿਆਰਥੀਆਂ ਦੇ ਹੱਕ ਪ੍ਰਭਾਵਿਤ ਨਹੀਂ ਹੁੰਦੇ" ਇਸ ਗੱਲ ਦਾ ਪ੍ਰਗਟਾਵਾ ਯੂਨਾਈਟਿਡ ਸਿੱਖਸ ਦੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕੀਤਾ, ਉਨ੍ਹਾਂ ਨੇ ਫਰਾਂਸ ਦੇ ਸਿੱਖਾਂ ਲਈ ਦਸਤਾਰ ਸਜਾਉਣ ਲਈ ਵਿੱਢੀ ਕਾਨੂੰਨੀ ਮੁਹਿੰਮ ਵਿੱਚ ਮੋਹਰੀ ਭੂਮੀਕਾ ਨਿਭਾਈ ਹੈ।*

ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ ਨੇ ਫਰਾਂਸ ਦੇ ਮਾਰਚ 2004 ਵਿੱਚ ਬਣਾਏ ਸਕੂਲਾਂ ਵਿੱਚ ਧਾਰਮਿਕ ਚਿੰਨ੍ਹਾਂ ਨੂੰ ਧਾਰਣ ਕਰਨ 'ਤੇ ਪਾਬੰਦੀ ਵਾਲੇ ਪੱਖਪਾਤੀ ਕਾਨੂੰਨ ਨੂੰ ICCPR ਦੇ ਤਹਿਤ ਸਿੱਖ ਵਿਦਿਆਰਥੀਆਂ ਦੇ ਹੱਕਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਯੂਨਾਈਟਿਡ ਸਿੱਖਸ ਦੀ ਲੀਗਲ ਟੀਮ ਨੂੰ ਇਸ ਹਫਤੇ ਭੇਜੇ ਇੱਕ ਫੈਸਲੇ, ਜੋ ਕਿ ਬਿਕਰਮਜੀਤ ਸਿੰਘ ਵੱਲੋਂ 2008 ਵਿੱਚ ਕੀਤੀ ਗਈ ਇੱਕ ਸ਼ਿਕਾਇਤ 'ਤੇ ਅਧਾਰਿਤ ਸੀ, ਵਿੱਚ ਕਮੇਟੀ ਨੇ ਮੰਨਿਆ ਕਿ ਦਸਤਾਰ ਸਜਾਉਣੀ ਸਿੱਖਾਂ ਦਾ ਧਾਰਮਿਕ ਕਰਤਵ ਹੈ ਅਤੇ ਇਸ ਨਾਲ ਸਿੱਖਾਂ ਦੀ ਪਛਾਣ ਵੀ ਜੁੜੀ ਹੈ, ਅਤੇ ਫਰਾਂਸ ਸਰਕਾਰ ਵੱਲੋਂ ਇਸ ਸਬੰਧੀ ਲਗਾਈ ਗਈ ਪਾਬੰਦੀ ਦਾ ਕੋਈ ਸਪੱਸ਼ਟੀਕਰਣ ਵੀ ਨਹੀਂ ਦਿੱਤਾ ਗਿਆ।

ਕਮੇਟੀ ਨੇ ਮੰਨਿਆ ਕਿ ਫਰਾਂਸ ਵੱਲੋਂ ਧਰਮ ਨਿਰਪੇਖਤਾ ਦੇ ਸਿਧਾਂਤ ਨੂੰ ਮੰਨਦਿਆਂ ਆਪਣੇ ਮੁਲਕ ਦੇ ਵਸਨੀਕਾਂ ਦੀ ਧਾਰਮਿਕ ਆਜਾਦੀ ਦੀ ਸੁਰੱਖਿਆ ਕੀਤੀ ਜਾਣੀ ਚਾਹੀਦੀ ਸੀ। ਕਮੇਟੀ ਨੇ ਇਸ ਗੱਲ ਦਾ ਵੀ ਨੋਟਿਸ ਲਿਆ ਕਿ 2004 ਦੇ ਇਸ ਕਾਨੂੰਨ ਨੂੰ ਲਾਗੂ ਕਰਕੇ ਦਰਅਸਲ ਵਸਨੀਕਾਂ ਦੀ ਧਾਰਮਿਕ ਆਜਾਦੀ ਵਿੱਚ ਵਿਘਨ ਪਾਈ ਗਈ ਹੈ ਅਤੇ ਕਈ ਵਾਰ ਤਾਂ ਉਨ੍ਹਾਂ ਲੋਕਾਂ ਦੀ ਜਿਸਮਾਨੀ ਸੁਰੱਖਿਆ ਨੂੰ ਵੀ ਖਤਰੇ ਵਿੱਚ ਪਾਇਆ ਗਿਆ।

ਕਮੇਟੀ ਨੇ ਆਪਣੀ ਰਾਇ ਵਿੱਚ ਕਿਹਾ ਕਿ ਫਰਾਂਸ ਵੱਲੋਂ ਇਸ ਕਾਨੂੰਨ ਨੂੰ ਲਾਗੂ ਕਰਨ ਪ੍ਰਤੀ ਧਾਰਮਿਕ ਆਜਾਦੀ ਨੂੰ ਖਤਰੇ ਦਾ ਸਪੱਸ਼ਟੀਕਰਨ ਨਹੀਂ ਦਿੱਤਾ ਜਾ ਸਕਿਆ। ਫਰਾਂਸ ਵੱਲੋਂ ਕੋਈ ਪੁੱਖਤਾ ਸਬੂਤ ਇਸ ਬਾਬਤ ਵੀ ਨਹੀ ਦਿੱਤੇ ਜਾ ਸਕੇ ਕਿ ਕਿਵੇਂ ਇੱਕ ਸਿੱਖ ਬਿਕਰਮਜੀਤ ਸਿੰਘ ਵੱਲੋਂ ਸਜਾਈ ਜਾਣ ਵਾਲੀ ਕੇਸਕੀ ਸਕੂਲ ਦੇ ਬਾਕੀ ਵਿਦਿਆਰਥੀਆਂ ਦੀ ਧਾਰਮਿਕ ਆਜਾਦੀ ਲਈ ਖਤਰਾ ਬਣ ਸਕਦੀ ਸੀ। ਕਮੇਟੀ ਨੇ ਵਿਦਿਆਰਥੀ ਨੂੰ ਸਕੂਲ ਵਿੱਚੋਂ ਪੱਕੇ ਤੌਰ 'ਤੇ ਨਿਕਾਲੇ ਜਾਣ ਵਰਗੀ ਸਜ਼ਾ ਨੂੰ ਵੀ ਗੈਰਜਰੂਰੀ ਦੱਸਿਆ ਅਤੇ ਕਿਹਾ ਕਿ ਅਜਿਹਾ ਪੱਖਪਾਤੀ ਫੈਸਲਾ ਬਿਕਰਮਜੀਤ ਸਿੰਘ ਵਲੋਂ ਕਿਸੀ ਨੁਕਸਾਨਦਾਇਕ ਵਿਵਹਾਰ ਕਰਣ ਕਾਰਣ ਨਹੀ ਕੀਤਾ ਗਿਆ ਸਗੋਂ ਉਸਦੇ ਇੱਕ ਖਾਸ ਧਰਮ ਨਾਲ ਸਬੰਧਤ ਹੋਣ ਕਾਰਣ

UNITED SIKHS is associated with the United Nations and is registered: as a non-profit tax exempt organization pursuant to Section 501(c)(3) of the Internal Revenue Code in the USA; as a Registered Charity in England and Wales under the Charities Act 1993, Charity Number 111 2055; as a registered NGO in Australia, Belgium, Kenya and Pakistan ; as a non-profit organization in Canada; under the Societies Registration Act 1860 in Panjab and under the French Association Law 1901.

ਕੀਤਾ ਗਿਆ ਸੀ।ਫਰਾਂਸ ਵੱਲੋਂ ਇਹ ਵੀ ਨਹੀਂ ਦਰਸਾਇਆ ਜਾ ਸਕਿਆ ਕਿ ਇੱਕ ਫਿਰਕੇ ਦੇ ਲੋਕਾਂ ਦੇ ਹੱਕਾਂ ਦਾ ਬਲੀਦਾਨ ਕਰਨਾ ਕਿਸੀ ਪ੍ਰਾਪਤੀ ਲਈ ਕਿਵੇਂ ਜਰੂਰੀ ਜਾਂ ਉਚਿੱਤ ਸੀ। ਇਨ੍ਹਾਂ ਵਿਚਾਰਾਂ ਨੂੰ 1 ਨਵੰਬਰ 2012 ਨੂੰ ਕਮੇਟੀ ਦੀ 106ਵੀਂ ਬੈਠਕ ਵਿੱਚ ਅਪਣਾਇਆ ਗਿਆ ਸੀ।

ਸਾਲ ਕੁ ਪਹਿਲਾਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ ਨੇ ਕਿਹਾ ਸੀ ਕਿ ਫਰਾਂਸ ਵੱਲੋਂ 76 ਸਾਲਾ ਰਣਜੀਤ ਸਿੰਘ ਨੂੰ ਪਛਾਣ ਪੱਤਰ ਦੀ ਤਸਵੀਰ ਵਾਸਤੇ ਦਸਤਾਰ ਲਾਹੁਣ ਲਈ ਕਹਿਣਾ ਉਸਦੀ ਧਾਰਮਿਕ ਆਜਾਦੀ ਦੀ ਉਲੰਘਣਾ ਸੀ। ਫਰਾਂਸ ਦੇ ਸ਼ਿੰਗਾਰਾ ਸਿੰਘ ਦਾ ਪਾਸਪੋਰਟ ਨਵਿਆਉਣ ਲਈ ਦਸਤਾਰ ਉਤਾਰ ਕੇ ਫੋਟੋ ਖਿਚਵਾਉਣ ਤੋਂ ਨਾਂਹ ਕਰਨ ਕਾਰਣ ਫਰਾਂਸ ਵੱਲੋਂ ਪਾਸਪੋਰਟ ਰੀਨਿਊ ਨਾ ਕੀਤੇ ਜਾਣ ਵਾਲੇ ਕੇਸ ਦੇ ਫੈਸਲੇ ਦੀ ਸੰਯੁਕਤ ਰਾਸ਼ਟਰ ਵੱਲੋਂ ਉਡੀਕ ਕੀਤੀ ਜਾ ਰਹੀ ਹੈ।

ਯੂਨਾਈਟਿਡ ਸਿੱਖਸ ਦੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਪੈਰਿਸ ਵਿੱਚ ਇੱਕ ਮੀਡੀਆ ਕਾਨਫਰੰਸ ਵਿੱਚ ਕਿਹਾ ਕਿ “ ਫਰਾਂਸ ਵੱਲੋਂ ਲਾਈਸੀਤੇ ਜਾਂ ਧਰਮ ਨਿਰਪੇਖਤਾ ਆਪਣੇ ਆਪ ਵਿੱਚ ਅੰਤਿਮ ਨਹੀਂ ਹੈ ਸਗੋਂ ਇਹ ਕਈ ਮਸਲਿਆਂ ਦੇ ਖਾਤਮੇ ਲਈ ਸਾਧਨ ਜਰੂਰ ਹੈ।ਲਾਈਸੀਤੇ ਜ਼ਰੀਏ ਆਜ਼ਾਦੀ,ਬਰਾਬਰਤਾ ਅਤੇ ਭਾਈਚਾਰਕ ਸਾਂਝ ਦੀ ਪ੍ਰਾਪਤੀ ਕੀਤੀ ਜਾਣੀ ਚਾਹੀਦੀ ਹੈ।ਇਸੀ ਤਰ੍ਹਾਂ ਦਸਤਾਰ ਵੀ ਭੇਦਭਾਵ ਦੇ ਖਾਤਮੇ ਲਈ ਇੱਕ ਸਾਧਨ ਹੈ ਅਤੇ ਫਰਾਂਸ ਦੇ ਸਿੱਖ ਵੀ ਦਸਤਾਰ ਸਜਾ ਕੇ ਸਮੁੱਚੀ ਮਨੁੱਖਤਾ ਲਈ ਇੱਕ ਆਜਾਦ ਅਤੇ ਚੰਗੇ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾ ਸਕਣਗੇ।” ਉਨ੍ਹਾਂ ਨੇ ਇਹ ਵੀ ਕਿਹਾ, “ ਅਸੀਂ ਹੁਣ ਫਰਾਂਸ ਸਰਕਾਰ ਤੋਂ ਇਹ ਉਮੀਦ ਰੱਖਦੇ ਹਾਂ ਕਿ ਉਹ ਅੰਤਰ ਰਾਸ਼ਟਰੀ ਕਾਨੂੰਨਾਂ ਦੀ ਸੰਧੀ ਤਹਿਤ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰੇ। ਆਪਣੇ ਮੁਲਕ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਦੀ ਧਾਰਮਿਕ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਫਰਾਂਸ ਦਾ ਹੁਣ ਇਹ ਨੈਤਿਕ ਫਰਜ਼ ਵੀ ਬਣਦਾ ਹੈ।”

ਯੂਨਾਈਟਿਡ ਸਿੱਖਸ ਵੱਲੋਂ ਬਿਕਰਮਜੀਤ ਸਿੰਘ ਦੇ ਕੇਸ ਲਈ ਨਿਰਧਾਰਤ ਕੀਤੇ ਲੰਡਨ  ਬਿੰਡਮੈਨਸ ਦੇ ਵਕੀਲ ਸਟੀਫਨ ਗਰੋਸਜ਼ ਨੇ ਕਿਹਾ, “ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ  ਇੱਕੋ ਇੱਕ ਅਜਿਹੀ ਅੰਤਰ ਰਾਸ਼ਟਰੀ ਸੰਸਥਾ ਹੈ ਜਿਸਨੇ ਫਰਾਂਸ ਦੇ ਸਕੂਲਾਂ ਵਿੱਚ ਧਾਰਮਿਕ ਚਿੰਨ੍ਹਾਂ ਅਤੇ ਕਪੜਿਆਂ ਨੂੰ ਧਾਰਣ ਕਰਨ ਅਤੇ ਪਹਿਨਣ ‘ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ  ਦਾ ਬੜੀ ਬਾਰੀਕੀ ਨਾਲ ਨੀਰੀਖਣ ਕੀਤਾ ਹੈ। ਆਪਣੇ ਇਸ ਫੈਸਲੇ ਵਿੱਚ ਕਮੇਟੀ ਨੇ ਇਹ ਸਾਫ ਕਹਿ ਦਿੱਤਾ ਹੈ ਕਿ ਫਰਾਂਸ ਵੱਲੋਂ ਲਗਾਈ ਗਈ ਪਾਬੰਦੀ ਦਾ ਕੋਈ ਸਪੱਸ਼ਟੀਕਰਣ ਮੌਜੂਦ ਨਹੀ ਹੈ। ਫਰਾਂਸ ਨੂੰ ਭਵਿੱਖ ਵਿੱਚ ਅਜਿਹੀ ਉਲੰਘਣਾ ਦੁਬਾਰਾ ਕਰਨ ਤੋਂ ਗੁਰੇਜ ਕਰਨਾ ਚਾਹੀਦਾ ਹੈ। ਕਮੇਟੀ ਨੇ ਵਿਸ਼ੇਸ਼ ਤੌਰ ਤੇ ਕਿਹਾ ਕਿ ਫਰਾਂਸ ਨੂੰ 2004 ਵਿੱਚ ਬਣਾਏ ਗਏ ਪਾਬੰਦੀ ਵਾਲੇ ਕਾਨੂੰਨ ਨੂੰ ਦਰੁਸਤ ਕੀਤਾ ਜਾਣਾ ਚਾਹੀਦਾ ਹੈ।ਫਰਾਂਸ ਸਰਕਾਰ ਵੱਲੋਂ ਬਿਕਰਮਜੀਤ ਸਿੰਘ ਨੂੰ ਜਾਇਜ ਮੁਆਵਜਾ ਵੀ ਦੇਣ ਦੀ ਹਦਾਇਤ ਕੀਤੀ ਗਈ ਹੈ।ਕਮੇਟੀ ਨੇ ਆਪਣੀ ਇਸ ਫੈਸਲੇ ਦੀ ਤਾਮੀਲ ਕਰਨ ਬਾਬਤ ਆਪਣਾ ਪੱਖ ਪੇਸ਼ ਕਰਨ ਲਈ ਫਰਾਂਸ ਨੂੰ 180 ਦਿਨਾਂ ਦਾ ਸਮਾਂ ਦਿੱਤਾ ਹੈ।”

ਸੰਯੁਕਤ ਰਾਸ਼ਟਰ ਅਨੁਸਾਰ ਧਾਰਮਿਕ ਹੱਕਾਂ ਦੀ ਉਲੰਘਣਾ ਦੇ ਸ਼ਿਕਾਰ ਬਿਕਰਮਜੀਤ ਸਿੰਘ ਨੇ ਕਿਹਾ, “ਮੈਨੂੰ ਸੰਯੁਕਤ ਰਾਸ਼ਟਰ ਦੇ ਇਸ ਫੈਸਲੇ ‘ਤੇ ਅਤਿਅੰਤ ਖੁਸ਼ੀ ਹੈ ਅਤੇ ਫਰਾਂਸ ਸਰਕਾਰ ਨੂੰ ਇਕ ਵਾਰ ਫਿਰ ਵਿਸ਼ਵਾਸ ਦੁਵਾਉਣਾ ਚਾਹੁੰਦਾ ਹਾਂ ਕਿ ਅਸੀਂ ਧਰਮ ਨਿਰਪੇਖਤਾ ਦੇ ਸੱਚੇ ਦਿਲੋਂ ਹਮਾਇਤੀ ਹਾਂ। ਇੱਕ ਸਿੱਖ ਦੀ ਦਸਤਾਰ ਦਾ ਮਤਲਬ  ਆਜਾਦੀ, ਬਰਾਬਰਤਾ ਅਤੇ ਆਪਸੀ ਭਾਈਚਾਰਕ ਸਾਂਝ ਵਧਾਉਣਾ ਹੈ ਕਿਉਂਕਿ ਦਤਸਾਰ ਸਜਾਉਣ ਦਾ ਹੱਕ ਹਰੇਕ ਨੂੰ ਹੈ ਭਾਵੇਂ ਉਹ ਮਰਦ ਹੈ ਜਾਂ ਔਰਤ, ਅਮੀਰ ਹੈ ਜਾਂ ਗਰੀਬ।”

“ਦਰਅਸਲ ਦਸਤਾਰ ਲਾਈਸੀਤੇ ਦਾ ਹੀ ਪ੍ਰਤੀਕ ਹੈ- ਇਹ ਕਿਸੀ ਨਾਲ ਵੀ ਭੇਦਭਾਵ ਨਹੀਂ ਕਰਦੀ। ਦਸਤਾਰ ਕਿਸੀ ਨੂੰ ਦਬਾਉਣ ਦਾ ਚਿੰਨ੍ਹ ਨਹੀਂ ਸਗੋਂ ਇਹ ਤਾਂ ਆਜਾਦੀ ਨਾਲ ਜੀਣ ਦਾ ਸੰਦੇਸ਼ ਦਿੰਦੀ ਹੈ” ਅਜਿਹਾ ਬਿਕਰਮਜੀਤ ਸਿੰਘ ਨੇ ਕਿਹਾ ਜਿਸਨੂੰ ਕਿ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਉਸ ਨੇ ਆਪਣੀ ਪੜ੍ਹਾਈ ਪ੍ਰਾਈਵੇਟ ਤੌਰ ‘ਤੇ ਪੂਰੀ ਕੀਤੀ ਅਤੇ ਅੱਜਕਲ ਉਹ ਪੈਰਿਸ ਦੀ ਇੱਕ ਕੰਪਨੀ ਵਿੱਚ ਬਤੌਰ ਪ੍ਰਾਜੈਕਟ ਇੰਜੀਨੀਅਰ ਕੰਮ ਕਰ ਰਿਹਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਨੇ ਟੈਲੀਫੋਨ ‘ਤੇ ਇੰਟਰਵੀਊ ਦੌਰਾਨ ਕਿਹਾ, “ਬਿਕਰਮਜੀਤ ਸਿੰਘ ਇੱਕ ਭਾਰਤੀ ਮੂਲ ਵਾਲਾ ਬੰਦਾ ਹੈ ਅਤੇ ਇਸਦੀ ਵਿਦੇਸ਼ ਵਿੱਚ ਧਾਰਮਿਕ ਆਜਾਦੀ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਦੀ ਬਣਦੀ ਸੀ ਤਾਂ ਜੋ ਫਰਾਂਸ ਦੇ ਸਕੂਲਾਂ ਵਿੱਚ ਸਿੱਖ ਬੱਚਿਆਂ ਦੀ ਦਸਤਾਰ ‘ਤੇ ਪਾਬੰਦੀ ਨਾ ਲੱਗਦੀ।ਪਰ ਇਹ ਜਿੰਮਾ ਇੱਕ ਗੈਰ ਸਰਕਾਰੀ ਸੰਸਥਾ ਯੂਨਾਈਟਿਡ ਸਿੱਖਸ ਵੱਲੋਂ ਚੁੱਕਿਆ ਗਿਆ ਅਤੇ ਉਨ੍ਹਾਂ ਨੇ ਸੰਯੁਕਤ

ਰਾਸ਼ਟਰ ਵਿੱਚ ਇਸ ਕੇਸ ਨੂੰ ਜਿੱਤ ਵੀ ਲਿਆ ਹੈ। ਸਾਨੂੰ ਯੂਨਾਈਟਿਡ ਸਿੱਖਸ 'ਤੇ ਬਹੁਤ ਮਾਣ ਹੈ ਅਤੇ ਅਸੀਂ ਸਮੁੱਚੇ ਸਿੱਖ ਜਗਤ ਨੂੰ ਸੰਯੁਕਤ ਰਾਸ਼ਟਰ ਵਿੱਚ ਪ੍ਰਾਪਤ ਕੀਤੀ ਇਸ ਜਿੱਤ 'ਤੇ ਵਧਾਈ ਦਿੰਦੇ ਹਾਂ। ਮੈਂ ਨਿੱਜੀ ਤੌਰ 'ਤੇ ਇਸ ਮਸਲੇ ਨੂੰ ਭਾਰਤ ਦੀ ਸੰਸਦ ਵਿੱਚ ਵਿਚਾਰ ਕਰਨ ਲਈ ਸ਼ਾਮਿਲ ਕਰਵਾਉਣ ਦਾ ਭਰੋਸਾ ਦਿੰਦਾ ਹਾਂ ਤਾਂ ਜੋ ਭਾਰਤ ਸਰਕਾਰ ਵੱਲੋਂ ਫਰਾਂਸ ਦੀ ਸਰਕਾਰ ਤੋਂ ਉਸਦੇ ਸਕੂਲਾਂ ਵਿੱਚ ਦਤਸਾਰ ਬੰਨ੍ਹੇ ਜਾਣ 'ਤੇ ਪਾਬੰਦੀ ਵਿਰੁੱਧ ਸੰਯੁਕਤ ਰਾਸ਼ਟਰ ਦੇ ਫੈਸਲੇ ਨੂੰ ਮਨਵਾਇਆ ਜਾ ਸਕੇ।"

"ਧਰਮ ਅਤੇ ਸਿਆਸਤ ਕਿਸੀ ਵੀ ਸੱਭਿਅਕ ਸਮਾਜ ਦੇ ਨੂੰ ਸੰਤੁਲਿਤ ਕਰਨ ਵਾਲੇ ਦੋ ਪਹੀਏ ਹੁੰਦੇ ਹਨ। ਜੇਕਰ ਇੱਕ ਪਹੀਆ ਲਹਿ ਜਾਵੇ ਤਾਂ ਸਮਾਜ ਅਸੰਤੁਲਤ ਹੋ ਜਾਂਦਾ ਹੈ। ਲਾਈਸੀਤੇ ਜਾਂ ਧਰਮ ਨਿਰਪੇਖਤਾ ਉਹ ਤੇਲ ਹੈ ਜੋ ਇਨ੍ਹਾਂ ਦੋਵੇਂ ਪਹੀਆਂ ਨੂੰ ਚੱਲਦਾ ਰੱਖਦਾ ਹੈ। ਸਿੱਖ ਲਾਈਸੀਤੇ ਨੂੰ ਦੁਸ਼ਮਣ ਨਹੀਂ ਸਗੋਂ ਆਪਣਾ ਦੋਸਤ ਮੰਨਦੇ ਹਨ ਤਾਂ ਜੋ ਚੰਗੇ ਨਾਗਰਿਕ ਬਣ ਸਕਣ ਵਿੱਚ ਮਦਦ ਕੀਤੀ ਜਾ ਸਕੇ," ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਨਾਈਟਿਡ ਸਿੱਖਸ ਫਰਾਂਸ ਦੇ ਡਾਇਰੈਕਟਰ ਸ਼ਿੰਗਾਰਾ ਸਿੰਘ ਨੇ ਕੀਤਾ।

"ਦਸਤਾਰ ਬਾਰੇ ਸਾਡੇ ਸਟੈਂਡ ਨਾਲ ਸਿਰਫ ਫਰਾਂਸ ਦੇ ਸਿੱਖਾਂ ਨੂੰ ਹੀ ਲਾਭ ਨਹੀਂ ਪੁੱਜਾ ਸਗੋਂ ਇਸਦਾ ਫਾਇਦਾ ਸਮੁਚੇ ਸੰਸਾਰ ਨੂੰ ਹੋਇਆ ਹੈ।ਇਹ ਵੀ ਇਤਫ਼ਾਕ ਹੀ ਹੈ ਕਿ ਦਸਤਾਰ ਦੀ ਜੰਗ ਫਰਾਂਸ ਵਿੱਚ ਲੜੀ ਗਈ, ਜਿਹੜਾ ਮੁਲਕ ਲਾਈਸੀਤੇ ਦੇ ਸਿਧਾਂਤ ਨੂੰ ਮੰਨਦਾ ਹੈ। ਦਸਤਾਰ ਦੁਨੀਆ ਨੂੰ ਇਹ ਦਰਸਾਏਗੀ ਕਿ ਲਾਈਸੀਤੇ ਦਾ ਅਸਲ ਮਤਲਬ ਲੋਕਾਂ ਨੂੰ ਉਨ੍ਹਾਂ ਦੇ ਧਰਮ ਨੂੰ ਮੰਨਣ ਦੀ ਆਜਾਦੀ ਦੇਣ ਨਾਲ ਹੀ ਪੂਰਾ ਹੋ ਸਕਦਾ ਹੈ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਫਰਾਂਸ ਦੀ ਟਰਬਨ ਐਕਸ਼ਨ ਕਮੇਟੀ ਦੇ ਗੁਰਦਿਆਲ ਸਿੰਘ ਨੇ ਕੀਤਾ ਜੋ ਕਿ ਇਸ ਮੁਹਿੰਮ ਨੂੰ ਬੀਤੇ ਸਮੇਂ ਤੋਂ ਅਣਥੱਕ ਚਲਾ ਰਹੇ ਹਨ।

ਤੁਸੀਂ ਇਸ ਮੁੱਦੇ ਸੰਬੰਧੀ ਹੋਰ ਜਾਣਕਾਰੀ ਲੈਣ ਲਈ ਜਾਂ ਯੂਨਾਈਟਿਡ ਸਿੱਖਸ ਦੁਆਰਾ ਸਿੱਖਾਂ ਲਈ ਧਾਰਮਿਕ ਆਜਾਦੀ ਦਵਾਉਣ ਲਈ ਸੰਯੁਕਤ ਰਾਸ਼ਟਰ ਵਿਚ ਚਲ ਰਹੀ ਪੈਰਵੀ ਲਈ ਸਾਡੀ ਵੈਬ-ਸਾਈਟ ਤੇ ਕਲਿਕ ਕਰ ਸਕਦੇ ਹੋ।

ਜਾਰੀ ਕਰਤਾ:-

ਮਜਿੰਦਰਪਾਲ ਕੌਰ
ਲੀਗਲ ਡਾਇਰੈਕਟਰ ਯੂਨਾਈਟਿਡ ਸਿੱਖਸ
ਫੋਨ:-+33 625936599 / +44 8701993328